ISSN: 2584-0509



(Page 188 to 192)



ਸੁਰਿੰਦਰ ਗੀਤ
ਕੈਨੇਡਾ
sgeetgill@gmail.com

1.

**ਬਾਹਾਂ**

ਉਸ ਨੇ ਕਿਹਾ
ਤੂੰ ਪਹਾੜੋਂ ਉੱਤਰਦੀ ਨਦੀ ਹੈਂ
ਮੈਂ ਖ਼ੁਸ਼ ਹੋ ਕੇ
ਸਿਰ ਝੁਕਾਇਆ
ਤੇ ਕਿਹਾ
ਜੇਕਰ ਏਦਾਂ ਹੈ ਤਾਂ ਤੂੰ
ਆਪਣੀਆਂ ਦੋਨਾਂ ਬਾਹਾਂ ਨੂੰ
ਮੇਰੇ ਦੋ ਕਿਨਾਰੇ ਬਣਾ ਕੇ ਰੱਖੀਂ
ਤੇ ਓਦੋਂ ਤਕ ਰੱਖੀਂ
ਜਦੋਂ ਤਕ ਮੈਂ
ਸਾਗਰ 'ਚ ਲੀਨ ਨਾ
ਹੋ ਜਾਵਾਂ।

**2.**
**ਪਤਾ ਸੀ...**

ਮੇਰੇ ਬਾਪ ਨੂੰ
ਪਤਾ ਸੀ
ਕਿ ਮੇਰੇ ਅੰਦਰ ਵੱਸਦੇ ਕਵੀ ਨੇ
ਉਹ ਦੇ ਮਾਰਨ ਤੇ ਵੀ
ਮਰਨਾ ਨਹੀਂ
ਇਸ ਲਈ
ਨਾ ਚਾਹੁੰਦੇ ਹੋਏ ਵੀ
ਉਸ ਨੇ ਮੇਰੇ ਅੰਦਰਲੇ ਕਵੀ ਨੂੰ
ਸਾਹ ਲੈਣ ਦਿੱਤਾ
ਭਾਵੇਂ ਉਹ ਘੁੱਟਵਾਂ ਜਿਹਾ ਹੀ ਸੀ

ਮੇਰੇ ਬਾਪ ਦੇਖ
ਅੱਜ ਮੇਰੇ ਅੰਦਰਲੇ ਕਵੀ ਨੇ
ਤੇਰੀਆਂ ਜੂਹਾਂ ਦੀਆਂ ਹਵਾਵਾਂ ਚੋਂ
ਅੱਖਰ ਫੜ
ਸ਼ਬਦ ਬਣਾਏ
ਤੇ ਫਿਰ ਸ਼ਬਦ ਜੋੜ
ਵਾਕ ਬਣਾਏ
ਇਹ ਵਾਕ
ਤੇਰੇ ਨਾਮ ਨੂੰ
ਜਿਉਂਦਾ ਰੱਖਣਗੇ
ਓਦੋਂ ਤੀਕ
ਜਦੋਂ ਤੀਕ
ਕਵਿਤਾ ਜਿਉਂਦੀ ਰਹੇਗੀ !!

**3.**

**ਨਾ ਮੈਂ ਹੱਸਾਂ ...**

ਨਾ ਮੈਂ ਹੱਸਾਂ ਨਾ ਮੈਂ ਰੋਵਾਂ
ਨਾ ਮੈਂ ਆਪਣਾ ਦਰਦ ਲਕੋਵਾਂ
ਮੈਂ ਖੁੱਲ੍ਹੇ ਅਸਮਾਨ 'ਚ ਬਹਿ ਕੇ
ਆਪਣੀ ਦਾਗੀਂ ਰੂਹ ਨੂੰ ਧੋਵਾਂ।

ਕਾਹਦਾ ਪਰਦਾ ਆਪਣੇ ਕੋਲੋਂ
ਕਾਹਦਾ ਪਰਦਾ ਤੇਰੇ ਕੋਲੋਂ
ਚਿਹਰੇ ਦੀ ਹਰ ਝੁਰੜੀ ਦੱਸਦੀ
ਨਿੱਤ ਦਿਨ ਮੌਤ ਦੇ ਨੇੜੇ ਹੋਵਾਂ।

ਤੇਰੇ ਪਾਸੇ ਮਹਿਲ ਮੁਨਾਰੇ
ਮੇਰੇ ਪਾਸੇ ਝੁੱਗੀਆਂ ਢਾਰੇ
ਫਿਰ ਵੀ ਤੇਰੇ ਸਿਰ ਤੋਂ ਉੱਚਾ
ਆਪਣਾ ਸਿਰ ਮੈਂ ਕੱਢ ਖਲੋਵਾਂ।

ਜਿਸ ਦਿਨ ਤੋਂ ਮਨ ਦੇ ਫੁਰਨੇ ਨੂੰ
ਕਲਮਾਂ ਨੇ ਆ ਜੀਭ ਲਗਾਈ
ਉਸ ਦਿਨ ਤੋਂ ਕਾਲੇ ਅੱਖਰਾਂ ਨੂੰ
ਆਪਣੇ ਸਾਹਾਂ ਵਿੱਚ ਪਰੋਵਾਂ।

ਕਾਲੇ ਅੱਖਰ ਮੇਰਾ ਰੁਤਬਾ
ਤੇ ਮੇਰੇ ਦਿਲ ਦਾ ਸਿਰਨਾਵਾਂ
ਤੇਰੀ ਤੇਜ਼ ਕਟਾਰ ਦੇ ਡਰ ਤੋਂ
ਕਾਹਤੋਂ ਆਪਣਾ ਆਪ ਲਕੋਵਾਂ।

**4.**
**ਐ ਕਵੀ**

ਐ ਕਵੀ
ਇਹ ਨਾ ਸੋਚ
ਕਿ ਤੇਰੀਆਂ ਨਜ਼ਮਾਂ
ਕਿਸੇ ਨੇ ਨਹੀਂ ਪੜ੍ਹੀਆਂ
ਕਿਸੇ ਨੇ ਨਹੀਂ ਗੁਣਗੁਣਾਈਆਂ
ਤੇ ਕਿਸੇ ਦੇ
ਕਿਸੇ ਕੰਮ  ਨਹੀਂ ਆਈਆਂ

ਯਾਦ ਰੱਖ
ਸੁਪਨਿਆਂ 'ਚ ਗੁੰਨ੍ਹੇ
ਤੇਰੇ ਜਜ਼ਬਾਤ
ਚੰਦ ਤਾਰਿਆਂ ਨਾਲ ਬਿਤਾਈ
ਬਿਤਾਈ ਹਰ ਉਹ ਰਾਤ
ਜਦੋਂ ਤੂੰ
ਤਾਰਿਆਂ ਦੀਆਂ ਮੁੱਠਾਂ ਭਰ ਭਰ
ਧਰਤੀ ਨੂੰ ਵੰਡੀਆਂ ਸਨ
ਤੇ ਸੁਪਨੇ ਵੀ ਯਾਦ ਕਰ
ਜਿਨ੍ਹਾਂ ਵਿੱਚ ਤੂੰ ਤਹਿ ਕੀਤੀ ਸੀ
ਸੂਰਜ ਤਕ ਦੀ ਵਾਟ
ਤੇ ਕਮਾਇਆ ਸੀ
ਸੂਰਜ ਖੁੱਗ ਕੇ ਆਪਣੀ ਝੋਲੀ 'ਚ
ਪਾਉਣ ਦਾ ਅਹਿਸਾਸ

ਤੂੰ ਨਾ ਭੁੱਲੀਂ ਕਦੇ

ਤੈਨੂੰ ਹਲੂਣ ਕੇ ਜਗਾਉਂਦੀ
ਕਲਮ ਫੜਾਉਂਦੀ
ਕਲਮ ਨੂੰ ਅੱਖਰ ਬਖ਼ਸ਼ਦੀ
ਅੱਖਰ ਜੋੜ ਸ਼ਬਦ
ਸ਼ਬਦ ਜੋੜ ਵਾਕ
ਤੇ ਵਾਕਾਂ ਨੂੰ ਜੋੜ ਕੇ
ਕਵਿਤਾ ਬਣਾਉਂਦੀ
ਉਹ ਹਰ ਪ੍ਰਭਾਤ
ਜੋ ਤਿਤਲੀ ਨੂੰ ਆਖਦੀ ਹੈ
ਆਪਣੇ ਰੰਗੀਨ ਪਰਾਂ ਨਾਲ
ਸੱਜਰੇ ਖਿੜੇ ਫੁੱਲਾਂ ਤੇ
ਕਵੀ ਦੀ ਹਰ ਰੁੱਤ
ਰੰਗ ਅਤੇ ਸੁਪਨਿਆਂ ਦੀ
ਇਬਾਰਤ ਲਿਖ
ਜੋ ਸਿਰਾਂ ਨੂੰ
ਸੀਸ ਬਣਾਉਣ ਦੀ ਤਾਕਤ ਰੱਖਦੀ ਹੈ।